**Higher School Certificate (HSC) minimum standard**

Information for parents and carers

# ਹਾਇਅਰ ਸਕੂਲ ਸਰਟੀਡੀਕੇਟ (HSC) ਨੀਊਨਤਮ ਮਿਆਰ

## ਮਾਪਿਆਂ ਅਤੇ ਸੰਭਾਲਕਾਂ ਲਈ ਜਾਣਕਾਰੀ

ਪਿਆਰੇ ਮਾਪਿਓ ਅਤੇ ਸੰਭਾਲਕੋ

NSW ਐਜੂਕੇਸ਼ਨ ਸਟੈਂਡਰਡ ਅਥਾਰਟੀ (NESA) (NSW Education Standards Authority (NESA)) ਵਲੋਂ ਹਾਇਰ ਸਕੂਲ ਸਰਟੀਫਿਕੇਟ (HSC) ਦੀ ਘੱਟੋ-ਘੱਟ ਮਿਆਰੀ ਨੀਤੀ ਦੀ ਸ਼ੁਰੂਆਤ ਕਰਨ ਦਾ ਮਤਲਬ ਹੈ ਕਿ NSW ਵਿੱਚਲੇ ਵਿਦਿਆਰਥੀਆਂ ਨੂੰ ਆਪਣਾ (HSC) ਦਾ ਪਰ੍ਮਾਣ-ਪੱਤਰ ਹਾਸਲ ਕਰਨ ਲਈ ਸਾਖਰਤਾ ਅਤੇ ਗਿਣਤੀ ਦੇ ਘੱਟੋ-ਘੱਟ ਮਿਆਰ ਪਰ੍ਦਰਸ਼ਨ ਕਰਨ ਦੀ ਲੋੜ ਹੁੰਦੀ ਹੈ ।

ਵਿਦਿਆਰਥੀ HSC ਦੇ ਤਿੰਨ ਘੱਟੋ-ਘੱਟ ਮਿਆਰੀ ਦੇ ਖੇਤਰਾਂ ਪੜ੍ਹਨ, ਲਿਖਣ ਅਤੇ ਸੰਖਿਆ ਦੀਆਂ ਪਰ੍ੀਖਿਆਵਾਂ ਵਿੱਚ ਭਾਗ ਲੈਣਗੇ। ਹਰ ਇੱਕ ਆਨਲਾਈਨ ਪਰ੍ੀਖਿਆ ਦਾ ਸਮਾਂ 45 ਮਿੰਟਾਂ ਦਾ ਹੁੰਦਾ ਹੈ ਅਤੇ ਇਨਹ੍ਾਂ ਦੀ ਬਣਤਰ ਹੇਠ ਲਿਖੇ ਅਨੁਸਾਰ ਹੁੰਦੀ ਹੈ:

- ਪੜਹ੍ਨ ਲਈ ਇੱਕ ਬਹੁ-ਚੋਣ (ਮਲਟੀਪਲ ਚੌਇਸ) ਪਰ੍ੀਖਿਆ;
- ਸੰਖਿਆ ਲਈ ਇੱਕ ਬਹੁ-ਚੋਣ (ਮਲਟੀਪਲ ਚੌਇਸ) ਪਰ੍ੀਖਿਆ; ਅਤੇ
- ਲਿਖਤੀ ਪਰ੍ੀਖਿਆ (500 ਸ਼ਬਦਾਂ ਤੱਕ) ਜੋ ਇੱਕ ਲਿਖਤੀ ਜਾਂ ਵਿਜ਼ੂਅਲ ਪਰ੍ੌਂਮਟ (ਵੇਖਣਯੋਗ ਫੌਰੀ) ਦੇ ਅਧਾਰ ‘ਤੇ ਹੁੰਦੀ ਹੈ।

ਵਿਦਿਆਰਥੀਆਂ ਨੂੰ HSC ਦਾ ਘੱਟੋ-ਘੱਟ ਮਿਆਰ ਹਾਸਲ ਕਰਨ ਲਈ 3 ਜਾਂ 4 ਦਾ ਪੱਧਰ ਹਾਸਲ ਕਰਨ ਦੀ ਲੋੜ ਹੈ। ਇਸ ਦਾ ਮਤਲਬ ਹੈ ਕਿ ਉਹ ਵਿਦਿਆਰਥੀ ਜਿਹੜੇ ਮਿਆਰ ਦਾ ਪਰ੍ਦਰਸ਼ਨ ਕਰਦੇ ਹਨ ਕੋਲ ਕੰਮ ਅਤੇ ਅਗਲੇਰੀ ਪੜਹ੍ਾਈ ਲਈ ਰੋਜ਼ਾਨਾ ਜੀਵਨ ਵਿੱਚ ਵਰਤੇ ਜਾਣ ਵਾਲੇ ਬੁਨਿਆਦੀ ਕਾਰਜਕਾਰੀ ਹੁਨਰ ਹੁੰਦੇ ਹਨ।

ਵਿਦਿਆਰਥੀਆਂ ਕੋਲ ਹਰੇਕ ਸਾਲ ਇਹਨਾਂ ਆਨਲਾਈਨ ਪਰ੍ੀਖਿਆਵਾਂ ਵਿੱਚ ਸ਼ਾਮਲ ਹੋਣ ਲਈ ਕਈ ਮੌਕੇ ਹੁੰਦੇ ਹਨ, ਯੀਅਰ 10 ਤੋਂ ਯੀਅਰ 12 ਦੇ ਅੰਤ ਤੱਕ। ਹਰੇਕ ਪਰ੍ੀਖਿਆ ਦੀ ਦੁਬਾਰਾ ਕੋਸ਼ਿਸ਼ ਕਰਨ ਦੇ ਵਿੱਚਕਾਰ ਉਡੀਕਣ ਦਾ ਸਮਾਂ ਹੁੰਦਾ ਹੈ।

ਵਿਦਿਆਰਥੀਆਂ ਨੂੰ HSC ਦੇ ਘੱਟੋ-ਘੱਟ ਮਿਆਰ ਨੂੰ ਪੂਰਾ ਕਰਨ ਲਈ ਸਕੂਲ ਵਲੋਂ ਸਹਿਯੋਗ ਦਿੱਤਾ ਜਾਵੇਗਾ। ਸਕੂਲ ਵਿੱਚ ਅਭਿਆਸ ਪਰ੍ੀਖਿਆਵਾਂ ਉਪਲਬਧ ਹਨ ਅਤੇ ਸਕੂਲ ਵਿੱਚ ਅਭਿਆਸ ਟੈਸਟ ਉਪਲਬਧ ਹਨ ਅਤੇ NESA ਦੀ ਇਸ ਵੈਬਸਾਈਟ ‘ਤੇ: https://educationstandards.nsw.edu.au/wps/portal/nesa/11-12/hsc/hsc-minimum-standard/online-tests ਆਨਲਾਈਨ ਪਰ੍ਦਰਸ਼ਨੀ ਸਵਾਲ ਹਨ।

ਕਿਰਪਾ ਕਰਕੇ ਸਕੂਲ ਨਾਲ ਸੰਪਰਕ ਕਰੋ ਜੇ ਤੁਹਾਨੂੰ ਹੋਰ ਜਾਣਕਾਰੀ ਦੀ ਲੋੜ ਹੈ।

ਜੇ ਤੁਹਾਨੂੰ ਲਗਦਾ ਹੈ ਕਿ ਤੁਹਾਡੇ ਬੱਚੇ ਦੀਆਂ ਵਾਧੂ ਲੋੜਾਂ ਹਨ ਅਤੇ ਉਹ ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਬੱਚੇ ਦੀਆਂ ਵਾਧੂ ਲੋੜਾਂ ਹਨ ਅਤੇ ਉਸ ਨੂੰ HSC ਦੀਆਂ ਘੱਟੋ-ਘੱਟ ਪਰ੍ੀਖਿਆਵਾਂ ਲਈ ਵਾਧੂ ਪਰ੍ਬੰਧਾਂ ਲਈ ਯੋਗ ਹੋਵੇਗਾ ਤਾਂ ਕਿਰਪਾ ਕਰਕੇ ਹੇਠਾਂ ਦਿਖਾਏ ਗਏ ਸਕੂਲ ਦੇ ਸੰਪਰਕ ਵਿਅਕਤੀ ਨੂੰ ਫੋਨ ਕਰੋ:

ਸਕੂਲ ਦੇ ਸੰਪਰਕ ਅਧਿਕਾਰੀ ਦਾ ਨਾਮ

ਸਕੂਲ ਦੇ ਸੰਪਰਕ ਅਧਿਕਾਰੀ ਦਾ ਫੋਨ ਨੰਬਰ

ਤੁਹਾਡਾ ਸ਼ੁਭ ਚਿੰਤਕ

ਪਿਰ੍ੰਸੀਪਲ

ਸਕੂਲ ਦਾ ਨਾਮ

### ਟੈਲੀਫੋਨ ਇੰਟਰਪਰ੍ੈਟਰ ਸੇਵਾ

ਜੇਕਰ ਤੁਹਾਨੂੰ ਸਕੂਲ ਨਾਲ ਸੰਪਰਕ ਕਰਨ ਲਈ ਮਦਦ ਦੀ ਲੋੜ ਹੈ। ਕਿਰਪਾ ਕਰਕੇ ਟੈਲੀਫੋਨ ਇੰਟਰਪਰ੍ੈਟਰ ਸੇਵਾ ਨੂੰ 131 450 ‘ਤੇ ਫੋਨ ਕਰੋ ਅਤੇ ਤੁਹਾਡੀ ਆਪਣੀ ਭਾਸ਼ਾ ਵਿੱਚ ਇੱਕ ਦੁਭਾਸ਼ੀਏ ਦੀ ਮੰਗ ਕਰੋ। ਅਪਰੇਟਰ ਨੂੰ ਉਹ ਫੋਨ ਨੰਬਰ ਦਿਓ ਜਿਸ ‘ਤੇ ਤੁਸੀ ਫੋਨ ਕਰਨਾ ਚਾਹੁੰਦੇ ਹੋ ਅਤੇ ਅਪਰੇਟਰ ਤੁਹਾਡੀ ਗੱਲਬਾਤ ਦੌਰਾਨ ਸਹਾਇਤਾ ਕਰਨ ਲਈ ਲਾਈਨ ‘ਤੇ ਇੱਕ ਦੁਭਾਸ਼ੀਏ ਨੂੰ ਲਿਆਵੇਗਾ। ਤੁਹਾਡੇ ਕੋਲੋਂ ਇਸ ਸੇਵਾ ਲਈ ਕੋਈ ਵੀ ਖਰਚਾ ਨਹੀ ਲਿਆ ਜਾਵੇਗਾ।